# ESIT ਨਜ਼ਰ ਅਤੇ ਸੁਣਨ ਦੀ ਸਕ੍ਰੀਨਿੰਗ:

## ਤਿੰਨ-ਪੱਖੀ ਪਹੁੰਚ ਲਈ ਇੱਕ ਪਰਿਵਾਰਕ ਗਾਈਡ



*ਕੋਈ ਵੀ ਬੱਚਾ ਇੰਨਾ ਛੋਟਾ ਨਹੀ ਹੁੰਦਾ ਕਿ ਉਸ ਦੀ ਨਜ਼ਰ ਅਤੇ ਸੁਣਨ ਦੀ ਜਾਂਚ ਕੀਤੀ ਜਾ ਸਕੇ।*

## ਨਜ਼ਰ ਅਤੇ ਸੁਣਨ ਦੀ ਜਾਂਚ ਕਿਉਂ ਕੀਤੀ ਜਾਣੀ ਚਾਹੀਦੀ ਹੈ?

ਨਜ਼ਰ ਅਤੇ ਸੁਣਨ ਦੇ ਅਜਿਹੇ ਮਹੱਤਵਪੂਰਨ ਤਰੀਕੇ ਹਨ, ਜਿਨਹਾਂ ਨੂੰ ਬੱਚੇ ਆਪਣੇ ਸੰਸਾਰ ਬਾਰੇ ਸਿੱਖਦੇ ਹਨ। ਸੁਣਨ ਅਤੇ ਨਜ਼ਰ ਦੀਆਂ ਚਿੰਤਾਵਾਂ ਨੂੰ ਜਲਦੀ ਲੱਭਣ ਨਾਲ ਤੁਹਾਡੇ ਬੱਚੇ ਦੇ ਵਿਕਾਸ ਵਿੱਚ ਮਦਦ ਮਿਲੇਗੀ। ਤੁਹਾਨੂੰ ਸ਼ੁਰੂ ਤੋਂ ਹੀ ਲੋੜੀਦੀ ਮਦਦ ਮਿਲੇਗੀ।

## ਤਿੰਨ-ਪੱਖੀ ਪਹੁੰਚ ਕੀ ਹੈ?

ਤਿੰਨ-ਪੱਖੀ ਪਹੁੰਚ ਇਹ ਹੈ ਕਿ ਕਿਵੇਂ ਤੁਹਾਡਾ ESIT (Early Support for Infants and Toddlers (ਸ਼ਿਸ਼ੂਆਂ ਅਤੇ ਬੱਚਿਆਂ ਲਈ ਸ਼ੁਰੂਆਤੀ ਸਹਾਇਤਾ)) ਪਰ੍ਦਾਤਾ ਤੁਹਾਡੇ ਬੱਚੇ ਦੀ ਨਜ਼ਰ ਅਤੇ ਸੁਣਨ ਬਾਰੇ ਚਿੰਤਾਵਾਂ ਦੀ ਜਾਂਚ ਕਰੇਗਾ। ਇਹ ਕੋਈ ਰਸਮੀ ਟੈਸਟ ਨਹੀ ਹੈ ਅਤੇ ਇਸਨੂੰ ਕੰਨ ਜਾਂ ਅੱਖਾਂ ਦੇ ਡਾਕਟਰ ਤੋਂ ਪੂਰੇ ਮੁਲਾਂਕਣ ਦਾ ਸਥਾਨ ਨਹੀ ਲੈਣਾ ਚਾਹੀਦਾ। ਤਿੰਨ-ਪੱਖੀ ਪਹੁੰਚ ਇਹ ਜਾਣਨ ਵਿੱਚ ਸਾਡੀ ਮਦਦ ਕਰੇਗੀ ਕਿ ਕੀ ਤੁਹਾਡੇ ਬੱਚੇ ਨੂੰ ਪੂਰੀ ਨਜ਼ਰ ਜਾਂ ਸੁਣਨ ਦੇ ਮੁਲਾਂਕਣ ਦੀ ਜ਼ਰੂਰਤ ਹੈ।

## ਤਿੰਨ-ਪੱਖੀ ਪਹੁੰਚ ਦੌਰਾਨ ਕੀ ਹੁੰਦਾ ਹੈ?

ਤੁਹਾਡਾ ESIT ਪਰ੍ਦਾਤਾ ਇਹ ਕਰੇਗਾ:

- ਤੁਹਾਡੇ ਨਾਲ ਉਨਹਾਂ ਚਿੰਤਾਵਾਂ ਬਾਰੇ ਗੱਲਬਾਤ ਕਰੇਗਾ, ਜੋ ਤੁਹਾਨੂੰ ਹੋ ਸਕਦੀਆਂ ਹਨ ਕਿ ਤੁਹਾਡਾ ਬੱਚਾ ਕਿਵੇਂ ਦੇਖਦਾ ਅਤੇ ਸੁਣਦਾ ਹੈ।
- ਇਹ ਦੇਖੇਗਾ ਹੈ ਕਿ ਤੁਹਾਡਾ ਬੱਚਾ ਉਸ ਸਮੇਂ ਆਪਣੀ ਨਜ਼ਰ ਅਤੇ ਸੁਣਨ ਦੀ ਵਰਤੋਂ ਕਿਵੇਂ ਕਰਦਾ ਹੈ, ਜਦੋਂ ਉਹ ਖੇਡਦਾ ਅਤੇ ਰੋਜ਼ਾਨਾ ਦੀਆਂ ਗਤੀਵਿਧੀਆਂ ਕਰਦਾ ਹੈ।
- ਤੁਹਾਡੇ ਬੱਚੇ ਦੇ ਮੈਡੀਕਲ ਰਿਕਾਰਡ ਦੇਖੇਗਾ। ਉਹ ਤੁਹਾਨੂੰ ਇਸ ਬਾਰੇ ਪੁੱਛਣਗੇ ਕਿ ਤੁਹਾਡੇ ਡਾਕਟਰ ਨੇ ਤੁਹਾਨੂੰ ਤੁਹਾਡੇ ਬੱਚੇ ਦੀ ਸਿਹਤ ਅਤੇ ਵਿਕਾਸ ਬਾਰੇ ਕੀ ਕਿਹਾ ਹੈ।

## ਤਿੰਨ-ਪੱਖੀ ਪਹੁੰਚ ਤੋਂ ਬਾਅਦ ਕੀ ਹੁੰਦਾ ਹੈ?

ਜੇਕਰ ਤੁਹਾਡੇ ਬੱਚੇ ਦੇ ਦੇਖਣ ਅਤੇ ਸੁਣਨ ਦੇ ਤਰੀਕੇ ਬਾਰੇ ਕੋਈ ਚਿੰਤਾਵਾਂ ਹਨ, ਤਾਂ ਤੁਸੀਂ ਅਤੇ ਤੁਹਾਡਾ ESIT ਪਰ੍ਦਾਤਾ ਇੱਕ ਫਾਲੋ-ਅੱਪ ਯੋਜਨਾ ਬਣਾਉਗੇ। ਇਸ ਯੋਜਨਾ ਵਿੱਚ ਡਾਕਟਰੀ ਪਰ੍ਦਾਤਾਵਾਂ ਦੁਆਰਾ ਮੁਲਾਂਕਣ ਅਤੇ/ਜਾਂ ESIT ਪਰ੍ਦਾਤਾ ਦੁਆਰਾ ਵਿਸ਼ੇਸ਼ ਅਧਿਆਪਨ ਸ਼ਾਮਲ ਹੋ ਸਕਦਾ ਹੈ।

## ਇਸਦੀ ਕਿੰਨੀ ਕੀਮਤ ਹੈ?

ਇਹ ਤੁਹਾਡੇ ਲਈ ਬਿਲਕੁਲ ਮੁਫ਼ਤ ਹੈ। ਇਹ ਤਿੰਨ-ਪੱਖੀ ਪਹੁੰਚ ਮੁਫ਼ਤ ESIT ਮੁਲਾਂਕਣ ਪਰ੍ਕਿਰਿਆ ਦਾ ਹਿੱਸਾ ਹੈ।

## ਹੋਰ ਸਵਾਲ?

ਅਸੀ ਤੁਹਾਡੇ ਬੱਚੇ ਦੇ ਵਿਕਾਸ ਵਿੱਚ ਮਦਦ ਕਰਨ ਲਈ ਤੁਹਾਡਾ ਸਮਰਥਨ ਕਰਨ ਵਾਸਤੇ ਵਚਨਬੱਧ ਹਾਂ। ਜੇਕਰ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਆਪਣੇ ESIT ਪਰ੍ਦਾਤਾ ਨੂੰ ਪੁੱਛੋ।

---

*DCYF ਭੇਦਭਾਵ ਨਹੀ ਕਰਦਾ ਹੈ ਅਤੇ ਨਸਲ, ਰੰਗ, ਲਿੰਗ, ਧਰਮ, ਨਸਲ, ਵਿਆਹੁਤਾ ਸਥਿਤੀ, ਰਾਸ਼ਟਰੀ ਮੂਲ, ਜਿਨਸੀ ਰੁਝਾਨ, ਉਮਰ, ਬਜ਼ੁਰਗ ਦੀ ਸਥਿਤੀ, ਜਾਂ ਕਿਸੇ ਵੀ ਸਰੀਰਕ, ਸੰਵੇਦੀ ਦੀ ਮੌਜੂਦਗੀ, ਜਾਂ ਮਾਨਸਿਕ ਅਪਾਹਜਤਾ ਦੀ ਪਰਵਾਹ ਕੀਤੇ ਬਿਨਾਂ ਆਪਣੇ ਪਰ੍ਰੋਗਰਾਮਾਂ ਅਤੇ ਸੇਵਾਵਾਂ ਤੱਕ ਬਰਾਬਰ ਪਹੁੰਚ ਪਰ੍ਦਾਨ ਕਰਦਾ ਹੈ।*

*ਜੇਕਰ ਤੁਸੀ ਇਸ ਪਰ੍ਕਾਸ਼ਨ ਦੀਆਂ ਮੁਫ਼ਤ ਕਾਪੀਆਂ ਕਿਸੇ ਵਿਕਲਪਿਕ ਫਾਰਮੈਟ ਜਾਂ ਭਾਸ਼ਾ ਵਿੱਚ ਚਾਹੁੰਦੇ ਹੋ, ਤਾਂ ਕਿਰਪਾ ਕਰਕੇ DCYF Constituent Relations (DCYF ਸੰਵਿਧਾਨਕ ਸੰਬੰਧਾਂ) ਨਾਲ 1-800-723-4831 'ਤੇ ਸੰਪਰਕ ਕਰੋ ਜਾਂ ਈਮੇਲ ਕਰੋ* ***communications@dcyf.wa.gov***.

DCYF PUBLICATION EL_0069 PJ (05-2023) Punjabi

Washington State Department of
CHILDREN, YOUTH & FAMILIES